


# ਸੰਪਾਦਕ ਦੀ ਕਲਮ ਤੋਂ

## ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ

'ਜਗਤੁ ਤਾਰਕ, ਨਿਰੰਕਾਰ ਸਰੂਪ ਜਗਤ ਗੁਰੂ' ਬਾਬਾ ਜੀ! ਆਪ ਦੇ ਪਾਵਨ ਪ੍ਰਕਾਸ਼ ਉਤਸਵ 'ਤੇ ਅੱਜ ਸਾਰਾ ਸੰਸਾਰ ਆਪ ਜੀ ਦੇ ਸਨਮੁਖ ਨਤਮਸਤਕ ਹੈ। 'ਖਹਿ ਮਰਦੇ ਬਾਮਣ ਮਉਲਾਣੇ' ਵਾਲੀ ਹਾਲਤ ਵਿੱਚ 'ਸੁਣੀ ਪੁਕਾਰਿ ਦਾਤਾਰ ਪ੍ਰਭੁ' ਕਰਤਾ ਪੁਰਖ਼ ਨੇ ਆਪ ਨੂੰ ਆਪਣਾ ਨਿੱਜ ਰੂਪ ਦੇ ਕੇ 'ਜਗ ਮਾਹਿੰ ਪਠਾਇਆ।' 'ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ'। ਉਸ ਇਲਾਹੀ ਡੂਮ ਨੂੰ ਨਾਲ ਲੈ ਕੇ, 'ਜਲਤੀ ਸਭ ਪ੍ਰਿਥਮੀ' ਤੇ ਅੰਮ੍ਰਿਤ ਦੇ ਛੱਟੇ ਮਾਰਨ ਲਈ ਆਪ ਨੇ ਸਾਰੇ ਸੰਸਾਰ ਦਾ ਭਰਮਣ ਕੀਤਾ।

ਬਾਬਾ ਜੀ ਆਪ ਤਾਂ 'ਜਨਮ ਮਰਨ ਦੋਹਹੂ ਮਹਿ ਨਾਹੀ' ਵਾਲੇ ਪਰਉਪਕਾਰੀ ਸਰੂਪ ਸੀ। ਸੰਸਾਰ ਸਾਗਰ ਦੇ ਸਾਰੇ ਜੀਅ-ਜੰਤ ਕਾਮਨਾ ਅਧੀਨ 'ਕਰਮ-ਧਰਮ-ਪਾਖੰਡ' ਵਿੱਚ ਰਤੇ ਹੋਏ ਹਨ। ਹਰ ਇਨਸਾਨ ਦੀ ਕੋਈ ਨਾ ਕੋਈ ਕਾਮਨਾ ਹੈ, ਭਾਵੇਂ ਕੋਈ ਆਪਣੇ ਆਪ ਨੂੰ ਨਿਸ਼ਕਾਮਤਾ ਦਾ ਜਿੰਨਾ ਮਰਜ਼ੀ ਤਿਲਕ ਲਗਾ ਲਵੇ, ਬਾਣੇ ਅਤੇ ਪਦਵੀਆਂ ਨਾਲ ਆਪਣੇ ਆਪ ਨੂੰ ਸ਼ਿੰਗਾਰ ਲਵੇ। ਆਮ ਇਨਸਾਨ ਦੀ ਤਾਂ ਕਾਮਨਾ ਹੀ ਬਹੁਤ ਛੋਟੀਆਂ ਵਸਤਾਂ 'ਤੇ ਟਿੱਕੀ ਹੁੰਦੀ ਹੈ। ਜਿਹੜਾ ਸਰਵਉੱਚ ਅਵਸਥਾ ਤੇ ਵੀ ਪੁੱਜ ਗਿਆ, ਉਹ ਭੋਲਾ ਨਹੀਂ ਹੈ, ਉਸ ਦੀ ਕਾਮਨਾ ਤਾਂ 'ਗੁਰ-ਪਰਮੇਸਰੁ' ਨੂੰ ਪ੍ਰਾਪਤ ਕਰਨ ਦੀ ਹੋ ਜਾਂਦੀ ਹੈ। ਪਰ 'ਸਭ ਤੇ ਵੱਡਾ ਸਤਿਗੁਰੁ ਨਾਨਕੁ ਜੀ' ਸਹੀ ਮਾਇਨੇ ਵਿੱਚ ਆਪ ਜੀ ਦੀ ਭਗਤੀ ਅਤੇ ਘਾਲਣਾ ਨਿਸ਼ਕਾਮ ਸੀ।

ਮੁਗ਼ਲ ਇਤਿਹਾਸਕਾਰ ਮੋਹਸਨ ਫਾਨੀ ਨੇ ਆਪ ਨੂੰ ਸਹੀ ਪਛਾਤਾ। ਉਸ ਨੇ ਦੱਸਿਆ ਕਿ ਆਪ ਜੀ ਨੇ ਜਗਤ ਜਲੰਦੇ ਤੇ ਆਉਣ ਤੋਂ ਪਹਿਲਾਂ ਭਾਰੀ ਤਪੱਸਿਆ ਕੀਤੀ। ਕਲਗੀਧਰ ਪਿਤਾ ਦੀ 'ਤਹਿ ਹਮ ਅਧਿਕ ਤਪਸਿਆ ਸਾਧੀ' ਅਤੇ ਆਪ ਜੀ ਦੀ 'ਭਾਰੀ ਕਰੀ ਤਪੱਸਿਆ' ਵਿੱਚ ਕੀ ਫ਼ਰਕ ਹੈ। ਮੋਹਸਨ ਫਾਨੀ ਨੇ ਦੱਸਿਆ ਕਿ ਇਸ ਨਾਲ ਆਪ ਜੀ ਦੀ ਨਿਰੰਕਾਰ ਨਾਲ ਬਣ ਆਈ। ਕਰਤਾ ਪੁਰਖ਼ ਨੇ ਆਪ ਨੂੰ ਮੁਕਤੀ ਵਾਲੇ ਪਾਸੇ ਦਾ ਰਾਹ ਦੱਸਿਆ ਪਰ ਆਪ ਜੀ ਨੇ ਇਕ ਅਜ਼ਬ ਕੌਤਕ ਕੀਤਾ। ਵਿਲਕ ਰਹੀਆਂ, ਤੜਪ ਰਹੀਆਂ ਰੂਹਾਂ ਦੇ ਵਿਰਲਾਪ ਨੇ ਆਪ ਜੀ ਦੇ ਕਦਮਾਂ ਨੂੰ ਉਨ੍ਹਾਂ ਵੱਲ ਤੋਰਿਆ। ਆਪ ਫਿਰ ਉਸ ਮਾਲਕ ਦੇ ਦਰ ਦੇ ਢਹਿ ਪਏ ਅਤੇ ਇਨ੍ਹਾਂ ਕੁਰਲਾਉਂਦੀਆਂ ਰੂਹਾਂ ਦੀ ਮੁਕਤੀ ਲਈ ਅਕਾਲ ਪੁਰਖ਼ ਨੂੰ ਬੇਨਤੀ ਕੀਤੀ। ਕਰਤਾ ਪੁਰਖ਼ ਨੇ ਆਪ ਜੀ ਦੇ ਇਸਰਾਰ ਨੂੰ ਦੇਖਦਿਆਂ ਇਨ੍ਹਾਂ ਰੂਹਾਂ ਨੂੰ ਇਕ ਮੌਕਾ ਦੇਣ ਲਈ ਮਨੁੱਖਾ ਜੂਨ ਦੇਣ ਦੀ ਗੱਲ ਕਹੀ। ਚੋਜੀ ਪ੍ਰੀਤਮ ਜੀ! ਆਪ ਨੇ ਹੈਰਾਨੀ ਭਰੀ ਬੇਨਤੀ ਕੀਤੀ ਕਿ ਇਨ੍ਹਾਂ ਰੂਹਾਂ ਦੀ ਸੇਵਾ ਲਈ ਆਪ ਜੀ ਨੂੰ ਵੀ ਮਨੁੱਖਾ ਦੇਹੀ ਦੀ ਬਖ਼ਸ਼ਿਸ਼ ਕੀਤੀ ਜਾਏ। 'ਜਨਮ ਮਰਨ ਦੋਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ'।

ਆਪ ਜੀ ਦੇ ਪ੍ਰਕਾਸ਼ ਨੇ 'ਧੁੰਧ ਮਿਟਾ' ਕੇ ਜਗ ਰੁਸ਼ਨਾਇਆ। ਭਰਮ-ਵਹਿਮ-ਪਾਖੰਡ ਦੇ ਹਨ੍ਹੇਰੇ ਨੂੰ ਆਪ ਨੇ 'ਗਿਆਨ ਖ਼ੜਗ' ਦੀ ਆਂਧੀ ਨਾਲ ਹੂੰਝ ਦਿੱਤਾ। ਪਾਂਡੇ, ਮੌਲਵੀ, ਜੋਤਕੀ, ਸਿੱਧ, ਠੱਗ, ਚੋਰ, ਰਾਜੇ, ਸ਼ਾਹ, ਅਮੀਰੜੇ, ਪੜ੍ਹੇ-ਅਨਪੜ੍ਹੇ, ਹਿੰਦੂ, ਮੁਸਲਮਾਨ, ਸਿੱਧ, ਸਾਧਕ, ਸਰੇਵੜੇ, ਮੰਤਕੀ ਆਪ ਦੀ ਨਦਰੀ ਨਦਰ ਨਿਹਾਲ ਹੋ ਗਏ।

ਦੇਵ ਭਾਸ਼ਾ ਤੇ ਮਲੇਛ ਬੋਲੀ ਦਾ ਭੇਦ, ਪੁੰਨ ਭੂਮੀ ਤੇ ਮਲੇਛ ਦੇਸ਼ ਦੀਆਂ ਮਸਨੂਈ (ਬਨਾਵਟੀ) ਹੱਦਾਂ, ਨੀਚ ਕੁਲ ਅਤੇ ਉੱਤਮ ਜਾਤੀ ਦੇ ਗਰਬ ਦੇ ਗੜ੍ਹ ਤੋੜ ਕੇ ਆਪ ਨੇ 'ਕਰਮੀ ਆਪੋ ਆਪਣੀ' ਦੇ ਰਾਹੀਂ ਹਰ ਕਿਸੇ ਵਿੱਚ ਉਸ ਕਰਤਾਰ ਦੀ ਜੋਤਿ ਦਾ ਦਰਸ਼ਨ ਉਸ ਨੂੰ ਕਰਵਾ ਦਿੱਤਾ।

ਹਨ੍ਹੇਰੇ ਨੂੰ ਚਾਨਣ, ਝੂਠ ਨੂੰ ਸੱਚ, ਜ਼ੁਲਮ ਨੂੰ ਇਨਸਾਫ਼, ਅਵਗੁਣ ਨੂੰ ਗੁਣ, ਅਗਿਆਨਤਾ ਨੂੰ ਗਿਆਨ, ਗਿਰਾਵਟ ਨੂੰ ਸ੍ਰੇਸ਼ਟਤਾ ਕਦੋਂ ਰਾਸ ਆਈ ਹੈ। ਆਪ ਜੀ ਨੂੰ ਕੁਰਾਹੀਆ, ਭੂਤਨਾ, ਬੇਤਾਲਾ, ਵਿਚਾਰਾ ਕਹਿ ਕੇ ਹੀ ਨਹੀਂ ਪੁਕਾਰਿਆ ਗਿਆ ਬਲਕਿ ਬੰਦੀ ਖਾਨੇ ਵੀ ਪਾਇਆ ਗਿਆ।

ਮੁਲਤਾਨ ਦੇ ਪੀਰਾਂ ਨੇ ਆਪ ਦੇ ਸਾਹਮਣੇ ਭਰਿਆ ਦੁੱਧ ਦਾ ਕਟੋਰਾ ਰੱਖ ਕੇ ਸੁਨੇਹਾ ਦਿੱਤਾ ਕਿ ਆਪ ਲਈ ਇਥੇ ਕੋਈ ਥਾਂ ਨਹੀਂ। ਆਪ ਦੀ ਉੱਮਤ ਆਪ ਦੇ ਨਾਮ ਲੇਵਾ ਨਾਲ ਵੀ ਇਹ ਨਿੱਤ ਹੁੰਦਾ ਹੈ। ਪਰ ਆਪ ਨੇ ਚਮੇਲੀ ਦਾ ਫੁੱਲ ਦੁੱਧ 'ਤੇ ਟਿਕਾ ਕੇ ਆਪਣੀ ਹੋਂਦ ਕਾਇਮ ਰੱਖਦਿਆਂ ਮਾਹੌਲ ਨੂੰ ਰਸਮਈ ਕਾਇਮ ਰੱਖਣ ਦਾ ਸੰਦੇਸ਼ ਦਿੱਤਾ।

ਬਾਬਾ ਜੀ ਆਪ ਨੇ ਨਾ ਤਾਂ ਕੋਈ ਵੇਦਾਂ, ਸ਼ਾਸ਼ਤਰਾਂ, ਪੁਰਾਣਾਂ ਆਦਿ ਦਾ ਤਰਜਮਾ ਹੀ ਸੰਸਾਰ ਨੂੰ ਦਿੱਤਾ ਤੇ ਨਾ ਹੀ ਪੁਰਾਣੀਆਂ ਮਲਤਾਵਾਂ